
ISSN: 2582-7219



# International Journal of Multidisciplinary Research in Science, Engineering and Technology

*(A Monthly, Peer Reviewed, Refereed, Scholarly Indexed, Open Access Journal)*



Impact Factor: 8.206

Volume 8, Issue 10, October 2025

www.ijmrset.com ijmrset@gmail.com +91 6381 907 438 +91 63819 07438

© 2025 IJMRSET | Volume 8, Issue 10, October 2025| DOI:10.15680/IJMRSET.2025.0810017

ISSN: 2582-7219 | www.ijmrset.com | Impact Factor: 8.206| ESTD Year: 2018|

International Journal of Multidisciplinary Research in Science, Engineering and Technology (IJMRSET)

(A Monthly, Peer Reviewed, Refereed, Scholarly Indexed, Open Access Journal)

# ਆਧੁਨਿਕ ਨਾਰੀ ਦਾ ਦੁਖਾਂਤਕ ਬੋਧ ਜਨਰੇਸ਼ਨ ਗੈਪ

**ਰਿੰਕੂ** (Rinku)

**ਖੋਜਾਰਥੀ** (Research Scholar), **ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਉਤਰ ਪ੍ਰਦੇਸ਼।**

ਆਧੁਨਿਕ ਨਾਰੀ ਦਾ ਦੁਖਾਂਤਕ ਜਨਰੇਸ਼ਨ ਗੈਪ ਕਹਾਣੀ ਸੰਗ੍ਰਹਿ ਵਿੱਚੋਂ ਪ੍ਰੇਮ ਗੋਰਖੀ ਦਾ ਆਖਰੀ ਕਹਾਣੀ ਸੰਗ੍ਰਹਿ ਮੰਨਿਆ ਜਾਂਦਾ ਹੈ। ਇਸ ਕਹਾਣੀ ਸੰਗ੍ਰਹਿ ਵਿੱਚ 11 ਕਹਾਣੀਆਂ ਹਨ। ਇੱਕ ਜਨਰੇਸ਼ਨ ਗੈਪ ਕਹਾਣੀ ਸੰਗ੍ਰਹਿ ਵਿੱਚ ਗੋਰਖੀ ਨੇ ਅਹਿਮ ਮੁੱਦਾ ਉਭਾਰਿਆ ਹੈ, ਜੋ ਕਿ ਆਪਣੇ ਵਿਸ਼ੇ ਵਸਤੂ ਅਤੇ ਨਿਭਾ ਕਰਕੇ ਵੱਖਰੀ ਨਜ਼ਰ ਨਾਲ ਨਿਭਾਇਆ ਗਿਆ ਹੈ ਇਸ ਵਿੱਚ ਇਸ ਤਰ੍ਹਾਂ ਦਾ ਮੁੱਦਾ ਜੋ ਪੀੜੀਆਂ ਦੇ ਆਪਸੀ ਮਾਨਸਿਕ ਅਤੇ ਸਮਾਜਿਕ ਰੂਪ ਵਿੱਚ ਆਏ ਫਰਕ ਦਾ ਹੈ। ਇਹ ਕੰਮ ਉਸ ਨੂੰ ਆਪਣੀ ਆਉਣ ਵਾਲੀ ਪੀੜੀ ਲਈ ਗਲਤ ਜਾਪਦਾ ਹੈ। ਇਸ ਦਾ ਕਾਰਨ ਪਹਿਲੀ ਪੀੜੀ ਦਾ ਉਸ ਉੱਤੇ ਕੀਤੇ ਗਏ ਕੰਮਾਂ ਦੌਰਾਨ ਗ੍ਰਹਿਣ ਕੀਤੇ ਤਜਰਬੇ ਵੀ ਹੋ ਸਕਦੇ ਹਨ। ਇਸ ਕਹਾਣੀ ਦੀ ਨਾਇਕਾ ਆਰਤੀ ਹੈ ਜੋ ਪੇਸ਼ੇ ਵਜੋਂ ਇੱਕ ਪੱਤਰਕਾਰ ਹੈ। ਉਹ ਆਧੁਨਿਕ ਸੋ ਕਾਲਡ ਆਧੁਨਿਕ ਮਾਂ ਹੈ ਜੋ ਆਪਣੇ ਆਪਣਿਆ ਬੱਚਿਆਂ ਨਾਲ ਇਕੱਲੇ ਰਹਿੰਦੀ ਹੈ ਅਤੇ ਆਜ਼ਾਦੀ ਨਾਲ ਆਪਣਾ ਜੀਵਨ ਜਿਉਣਾ ਪਸੰਦ ਕਰਦੀ ਹੈ। ਆਰਤੀ ਦਾ ਮਰਦਾਂ ਨਾਲ ਦੋਸਤੀ ਜਾਂ ਰਿਸ਼ਤਾ ਗੰਢਣਾ ਤੇ ਨਿਭਾਉਣਾ ਕੋਈ ਔਖਾ ਕੰਮ ਨਹੀਂ ਪਰ ਮਾਂ ਵਜੋਂ ਵਿਚਾਰਿਆ ਵਿਚਰਦਿਆਂ ਉਹ ਆਪਣੀ ਬੱਚੀਆਂ ਲਈ ਇਹ ਸਭ ਖੁੱਲਾ ਦੇਣ ਤੋਂ ਮਨਾ ਕਰਦੀ ਹੈ ਇਸ ਕਰਕੇ ਉਹ ਆਪਣੇ ਪਰਿਵਾਰਕ ਮੈਂਬਰਾਂ ਵਜੋਂ ਵਿਚਰਦੇ ਸਭ ਤੋਂ ਕਰੀਬੀ ਦੋਸਤ ਪੁਰਨ ਵੀਰ ਤੇ ਵੀ ਯਕੀਨ ਨਹੀਂ ਕਰਦੀ ਅਤੇ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਹੈ ਨਹੀਂ ਡੀਅਰ ਪੂਰਨ ਮੈਂ ਫਾਲਤੂ ਨਹੀਂ ਸੋਚਦੀ ਕੁੜੀ ਨੂੰ ਬਹੁਤ ਖੁੱਲ ਵੀ ਨਹੀਂ ਦੇਣੀ..............."[1]

ਪਰ ਜਦੋਂ ਉਸ ਦੀ ਆਪਣੀ ਬੇਟੀ ਆਪਣੇ ਦੋਸਤਾਂ ਨਾਲ ਘੁੰਮਦਿਆਂ ਘਰ ਆਉਣ ਤੋਂ ਲੇਟ ਹੋ ਜਾਂਦੀ ਹੈ ਤਾਂ ਉਹ ਆਪਣੀ ਜ਼ਿੰਦਗੀ ਆਜ਼ਾਦੀ ਨਾਲ ਜਿਉਣ ਦੀ ਗੱਲ ਕਰਨ ਤੇ ਉਹ ਆਪਣੀ ਬੇਟੀ ਦੇ ਤੇ ਹੱਥ ਉਠਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਆਪਣੀ ਬੇਟੀ ਦੀ ਉਮਰ ਦੀ ਜਿੰਦਗੀ ਜਿਉਣ ਦੇ ਢੰਗ ਤੇ ਕੀਤੀ ਟਿੱਪਣੀ ਨਾਲ ਉਸ ਨੂੰ ਉਸਦੇ ਵੱਲ ਉੱਠਿਆ ਹੱਥ ਆਪਣੇ ਹੀ ਕਿਰਦਾਰ ਵੱਲ ਉਗਲ ਕਰਦਾ ਦਿਖਾਈ ਦਿੰਦਾ ਹੈ ਉਹ ਪੂਰਨਵੀਰ ਨੂੰ ਸਮਝਾਉਣ ਲੱਗਦੀ ਹੈ।

"ਦਰਅਸਲ ਅਸੀਂ ਕਲਚਰ ਦੇ ਨਾਂ ਤੇ ਹੀ ਸਾਰਾ ਕੁਝ ਇਸ ਤਰਾਂ ਇਹਨਾਂ ਬੱਚਿਆਂ ਨੂੰ ਦੇ ਰਹੇ ਹਾਂ.......... ਦੋਸ਼ੀ ਤਾਂ ਅਸੀਂ ਹਾਂ .......... ਫਿਰ ਅਸੀਂ ਜਨਰੇਸ਼ਨ ਗੈਪ ਦਾ ਰੋਣਾ ਰੋਂਦੇ ਹਾਂ........ ਮੈਂ ਨੌਕਰੀ ਛੱਡ ਦੇਣੀ ਹੈ ਆਪਾਂ ਵੀ ਮਿਲਣਾ ਜੁਲਣਾ ਘੱਟ ਕਰੀਏ.......... ਬੁਰਾ ਨਾ ਮਨਾਇਓ.......।[2]

ਇਸ ਤਰਾਂ ਅਜਿਹਾ ਕਰਦਿਆਂ ਅਤੇ ਕਹਿੰਦਿਆਂ ਉਹ ਆਪਣੇ ਵੱਲੋਂ ਡਿਫੈਂਸ ਮਕੈਨਿਜਮ ਰਾਹੀ ਆਪਣੇ ਆਪ ਨੂੰ ਆਪਣੀਆਂ ਨਜ਼ਰਾਂ ਵਿੱਚ ਸਹੀ ਸਾਬਤ ਕਰਨਾ ਚਾਹੁੰਦੀ ਹੈ ਤਾਂ ਕਿ ਉਸ ਦੀਆਂ ਬੇਟੀਆਂ ਉਸਦੀ ਆਜਾਦ ਜੀਵਨ ਸ਼ੈਲੀ ਨੂੰ ਗਲਤ ਤਰੀਕਾ ਸਮਝਣ ਅਤੇ ਉਸ ਨੂੰ ਇਹ ਮਹਿਸੂਸ ਹਾਂ ਉਹ ਵੇਖ ਕੇ ਉਸਨੇ ਇਕੱਲਿਆਂ ਆਪਣੀਆਂ ਬੱਚੀਆਂ ਦੀ ਪਰਵਰਿਸ਼ ਸਹੀ ਢੰਗ ਨਾਲ ਨਹੀਂ ਕੀਤੀ।"

'ਇਹ ਤਾਂ ਮੇਰੇ ਪਾਪਾ ਨੇ' ਇਹ ਕਹਾਣੀ ਆਪਣੇ ਖੂਨ ਦੇ ਰਿਸ਼ਤਿਆਂ ਨਾਲ ਜੁੜੀ ਪਹਿਚਾਣ ਦੀ ਕਹਾਣੀ ਹੈ। ਜੋ ਇੱਕ ਬੇਟੀ ਆਪਣੇ ਪਿਤਾ ਨੂੰ ਸਾਰੇ ਗਿਲੇ ਸ਼ਿਕਵੇ ਭੁਲਾ ਕੇ ਮਿਲਦੀ ਹੈ। ਜੋ ਆਪਣੇ ਬਚਪਨ ਦੀ ਭੁੱਖ ਨੂੰ ਪੂਰਦੀ ਹੈ ਕੈਪਟਨ ਮਹਿਰਾ ਦੀ ਪਤਨੀ ਨੀਲਮ ਨਾਇਕ ਦੀ ਦੋਸਤੀ ਹੈ ਅਤੇ ਦੋਸਤੀ ਸਦਕਾ ਉਹ ਨੀਲਮ ਅਤੇ ਉਸਦੀ ਬੇਟੀ ਨਾਲ ਪਰਿਵਾਰਕ ਮੈਂਬਰ ਵਾਂਗ ਜੁੜਿਆ ਹੋਇਆ ਹੈ। ਨੀਲਮ ਅਨੁਸਾਰ ਉਸ ਦਾ ਪਤੀ ਫੌਜ ਵਿੱਚ ਸ਼ਹੀਦ ਹੋ ਜਾਂਦਾ ਹੈ ਪਰ ਅਸਲ ਗੱਲ ਤਾਂ ਇਹ ਹੈ ਕਿ ਨੀਲਮ ਦੀ ਬੇਵਫਾਈ ਉਸ ਨੂੰ ਆਤਮਘਾਤ ਵਰਗੀ ਸਥਿਤੀ ਵਿੱਚ ਲੈ ਜਾਂਦੀ ਹੈ ਅਤੇ ਵਾਪਸ ਨਾਰਮਲ ਹੋਣ ਤੇ ਉਹ ਆਪਣੀ ਬੇਟੀ ਨੂੰ ਮਿਲਣ ਆਉਂਦਾ ਹੈ ਕਹਾਣੀਕਾਰ ਜੋ ਮੈਂ ਮੂਲਕ ਪਾਤਰ ਵਜੋਂ ਵਿਚਰ ਰਿਹਾ ਹੈ ਉਸ ਨੂੰ ਚਾਂਦਨੀ ਨੀਲਮ ਦੀ ਬੇਟੀ ਨਾਲ ਮਿਲਾਉਂਦਾ ਹੈ। ਕਹਾਣੀ ਆਪਣੇ ਖੂਨ ਦੀ ਪਹਿਚਾਣ ਅਤੇ ਰਿਸ਼ਤਿਆਂ ਦੀ ਆਪਸੀ ਸਾਂਝ ਨੂੰ ਸਰਲ ਜਿਹੇ ਰੂਪ ਵਿੱਚ ਪੇਸ਼ ਕਰਦੀ ਹੈ।

"ਸ਼ੀਤ ਯੁੱਧ" ਵੀ ਨਾਇਕਾ ਪ੍ਰਦਾਨ ਕਹਾਣੀ ਕਹੀ ਜਾ ਸਕਦੀ ਹੈ। ਜਿਸ ਦੀ ਨਾਇਕਾ ਦੇ ਅੰਦਰ ਚੱਲ ਰਿਹਾ ਸੀਤ ਯੁੱਧ ਉਸ ਨੂੰ ਕਈ ਪ੍ਰੇਮ ਪ੍ਰਸੰਗਾਂ ਨਾਲ ਜੋੜਦਾ ਤੋੜਦਾ ਰਹਿੰਦਾ ਹੈ ਅਤੇ ਇਸ ਸਭ ਤੋਂ ਅਧਿਕ ਅਨੰਦ ਹਾਸਲ ਕਰਦਿਆਂ ਆਪਣੇ ਆਪ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ ਹੈ। ਉਸਦੇ ਸੀਤ ਯੁੱਧ ਦਾ ਕਾਰਨ ਉਸਦੇ ਪਤੀ ਦੀ ਬੇਵਫਾਈ ਸੀ ਜੋ ਉਸ ਲਈ ਅਸਹਿਯੋਗ ਸੀ। ਕਹਾਣੀ ਦੀ ਨਾਇਕਾ ਤਾਰਿਕਾ ਇੰਸ਼ੋਰੈਂਸ ਕੰਪਨੀ ਵਿੱਚ ਕੰਮ ਕਰਦੀ ਹੈ ਜੋ ਆਜਾਦ ਖਿਆਲ ਹੈ ਜੋ ਆਪਣੇ ਮਰਦ ਦੋਸਤ ਅਫਸਰ ਬਦਲਦੀ ਰਹਿੰਦੀ ਹੈ ਜੋ ਆਪਣੇ ਆਸੇ ਪਾਸੇ ਦੇ ਲੋਕਾਂ ਵਿੱਚ ਅਲੱਗ ਹੋਂਦ ਰੱਖਦੀ ਹੈ ਜੋ ਬਹੁਤਿਆਂ ਨੂੰ ਪਸੰਦ ਨਹੀਂ ਆਉਂਦੀ ਲੇਖਕ ਅਨੁਸਾਰ ਤਾਰਿਕਾ ਬਾਰੇ ਥੋੜੇ ਖੁੱਲੇ ਸ਼ਬਦਾਂ ਵਿੱਚ ਗੱਲ ਕਰਨੀ ਹੋਵੇ ਤਾਂ ਉਸਨੂੰ ਇੱਕ ਬੰਦੇ ਨਾਲ ਪਾਈ........... ਕਿਸੇ ਦੂਸਰੇ ਨਾਲ ਰਿਸ਼ਤਾ ਗੰਢ ਲੈਣਾ ਉਸਦਾ ਸ਼ੌਂਕ ਹੈ।"[3]

ਜੋ ਕਿ ਇਸ ਸ਼ੌਂਕ ਦੇ ਪਿੱਛੇ ਉਸਦਾ ਅਤੀਤ ਹੈ। ਉਸ ਨੇ ਉਸ ਨੂੰ ਅੰਦਰੋਂ ਇਨੀ ਬੁਰੀ ਤਰ੍ਹਾਂ ਨਾਲ ਤੋੜਿਆ ਹੈ, ਜੋ ਕਿ ਉਹ ਕਿਸੇ ਰਿਸ਼ਤੇ ਵਿੱਚ ਟਿਕੇ ਰਹਿਣ ਦੀ ਬਜਾਏ ਉਸ ਤੋਂ ਦੂਰ ਹੋ ਜਾਂਦੀ ਹੈ। ਇਸ ਤਰ੍ਹਾਂ ਉਸਦੇ ਪਤੀ ਦੀ ਬੇਵਫਾਈ ਉਸ ਦੇ ਅੰਦਰ ਮਰਦ ਜਾਤੀ ਲਈ ਇੱਕ ਵਰਨਣ ਯੋਗ ਸਮਾਨ ਬਣਾਉਂਣ ਦੀ ਚਾਹਣਾ ਪੈਦਾ ਕਰ ਦਿੰਦੀ ਹੈ, ਜੋ ਕੁਝ ਸਮਾਂ ਉਹਨਾਂ ਨਾਲ ਰਿਸ਼ਤਾ ਨਿਭਾ ਉਹ ਉਹਨਾਂ ਤੋਂ ਕਿਨਾਰਾ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੀ

ISSN: 2582-7219 | www.ijmrset.com | Impact Factor: 8.206| ESTD Year: 2018|

International Journal of Multidisciplinary Research in Science, Engineering and Technology (IJMRSET)

(A Monthly, Peer Reviewed, Refereed, Scholarly Indexed, Open Access Journal)

ਹੈ। ਆਪਣੇ ਪਤੀ ਨੂੰ ਆਪਣੇ ਹੀ ਘਰ ਵਿੱਚ ਕਿਸੇ ਦੂਸਰੀ ਔਰਤ ਨਾਲ ਦੇਖ ਕੇ ਹੋਸ਼ ਖੋ ਬੈਠਦੀ ਹੈ, "ਉਸਦਾ ਦਿਲ ਕੀਤਾ ਉਸ ਔਰਤ ਦੇ ਕੱਪੜੇ ਫਾੜ ਦੇਵੇ ਅਤੇ ਪਤੀ ਨੂੰ ਅੱਗ ਲਾ ਦੇਵੇ ਪਰ ਉਹ ਤਾਂ ਸੁੰਨ ਹੋ ਗਈ ਸੀ, ਅਜੇ ਤਾਂ ਵਿਆਹ ਨੂੰ ਦੋ ਸਾਲ ਵੀ ਪੂਰੇ ਨਹੀਂ ਸੀ ਹੋਏ।"[4]
ਇਸ ਸੁੰਨ ਨੇ ਹੀ ਉਸਦੇ ਅੰਦਰ ਅਜਿਹਾ ਸ਼ੀਤ ਯੁਧ ਛੇੜ ਦਿੱਤਾ ਜਿਸ ਦਾ ਅੰਤ ਉਸ ਨੂੰ ਖੁਦ ਵੀ ਨਹੀਂ ਪਤਾ ਸੀ। ਉਹ ਆਪਣੇ ਆਪ ਨਾਲ ਹੀ ਇੱਕ ਜੰਗ ਲੜਦੀ ਹੈ ਅਤੇ ਵਿਰੋਧੀ ਧਿਰ ਵਿੱਚ ਹਰ ਵਾਰ ਇੱਕ ਨਵਾਂ ਮਰਦ ਨਾਲ ਹੁੰਦਾ ਸੀ ਜੋ ਕਦੇ ਫਲੋਰੀ ਵਾਲਾ ਕਦੇ ਪ੍ਰੇਮੀ ਕਦੇ ਰਠੌਰ ਜਾਂ ਫਿਰ ਸ਼ੇਰਗਿਲ ਦੇ ਰੂਪ ਵਿੱਚ ਉਸ ਦੀ ਜ਼ਿੰਦਗੀ ਵਿੱਚ ਸ਼ਾਮਿਲ ਰਹਿੰਦਾ ਹੈ। ਉਸਦਾ ਤਰੀਕਾ ਪੂਰੀ ਦੁਨੀਆ ਤੋਂ ਬੇਪਰਵਾਹ ਸਿਰਫ ਤੇ ਸਿਰਫ ਆਪਣੇ ਲਈ ਜਿਉਣਾ ਚਾਹੁੰਦੀ ਹੈ, ਤਾਂ ਜੋ ਉਸ ਦੀ ਸੁੰਨ ਨੂੰ ਖਤਮ ਕਰ ਸਕੇ ਜੋ ਧੁਰ ਅੰਦਰ ਕਿਧਰੇ ਪਸਰਿਆ ਪਿਆ ਸੀ।

"ਤਲਾਸ਼" ਕਹਾਣੀ ਦੀ ਨਾਇਕਾ ਆਰਤੀ ਆਪਣੇ ਆਪੇ ਦੀ ਤਲਾਸ਼ ਵਿੱਚ ਮਾਨਸਿਕ ਸੰਘਰਸ਼ ਕਰਦੀ ਹੈ ਤੇ ਇਸ ਤਲਾਸ਼ ਨੂੰ ਉਦੋਂ ਤੱਕ ਜਾਰੀ ਰੱਖਦੀ ਹੈ ਜਦੋਂ ਤੱਕ ਆਪਣੇ ਅਸਤਿਤਵ ਹੋਂਦ ਦੇ ਮੂਲ ਨੂੰ ਤਲਾਸ਼ ਕਰ ਆਪਣੀ ਪਹਿਚਾਨ ਨਹੀਂ ਲੱਭ ਲੈਂਦੀ। ਉਸਦੀ ਪਹਿਚਾਣ ਇੱਕ ਪੱਤਰਕਾਰ ਦੇ ਰੂਪ ਵਿੱਚ ਹੈ ਜੋ ਕਿ ਇੱਕ ਨਿਡਰ ਪੱਤਰਕਾਰ ਹੈ ਪਰ ਉਸ ਦੀ ਹੋਂਦ ਪ੍ਰਤੀ ਉਸ ਦੇ ਅੰਦਰ ਚੱਲ ਰਹੇ ਸੰਘਰਸ਼ ਦੀ ਥਾਂ ਕੋਈ ਨਹੀਂ ਪਾ ਸਕਿਆ। ਉਹ ਇੱਕ ਅਜਿਹੇ ਰਿਸ਼ਤੇ ਦੀ ਉਪਜ ਸੀ ਜਿਸ ਦੀ ਸਮਾਜ ਵਿੱਚ ਕੋਈ ਥਾਂ ਨਹੀਂ ਸੀ।

ਸਮਾਜ ਵਿੱਚ ਉਸ ਨੂੰ ਇਸ ਗੱਲ ਦਾ ਮਲਾਲ ਰਿਹਾ ਕਿ ਉਸ ਦੀ ਮਾਂ ਉਸ ਨੂੰ ਛੱਡ ਕੇ ਚਲੀ ਗਈ। ਇਸ ਲਈ ਉਹ ਆਪਣੀ ਕਹਾਣੀ ਛੁਪਾ ਕੇ ਆਪਣੇ ਪੱਤਰਕਾਰ ਦੋਸਤ ਨਾਲ ਮਿਲ ਕੇ ਆਪਣੀ ਮਾਂ ਨੂੰ ਲੱਭਣ ਲਈ ਯਤਨ ਕਰਦੀ ਹੈ। ਪਰ ਉਸਦੇ ਦੋਸਤ ਨੂੰ ਉਸਦੀ ਤਲਾਸ਼ ਮਹਿਜ ਇੱਕ ਭਟਕਣਾ ਜਾਪਦੀ ਹੈ ਜਿਸ ਦਾ ਅੰਤ ਨਹੀਂ ਹੋ ਸਕਦਾ।
"ਆਰਤੀ ਅੱਜ ਦੇ ਮਨੁੱਖ ਦੀ ਭਟਕਣਾ ਜਿਹੀ ਹੈ ਉਸ ਦੀ ਸ਼ਕਲ ਨਾਲੋਂ........ ਉਹ ਉਹਨਾਂ ਨੂੰ ਲੱਭਦਾ ਫਿਰਦਾ ਹੈ। ....... ਆਪਣੇ ਹੀ ਅੰਦਰ ਦਫ਼ਣ ਸ਼ਿਲਾਲੇਖਾਂ ਦੀ ਖੋਜ ਕਰ ਰਿਹਾ ਹੈ।"[5]

ਇਸ ਲਈ ਆਰਤੀ ਦੀ ਖੋਜ ਵੀ ਇਸੇ ਦਫ਼ਨ ਸ਼ਿਲਾਲੇਖਾਂ ਦੀ ਖੋਜ ਕਾਰਨ ਵਰਗਾ ਅਹਿਸਾਸ ਦਿੰਦਾ ਹੈ ਪਰ ਆਰਤੀ ਦੇ ਇਸ ਅਹਿਸਾਸ ਤੋਂ ਵਿਰਵਾਂ ਰਹਿੰਦਾ ਹੈ ਕਿ ਉਹ ਕਿਸੇ ਹੋਰ ਦੀ ਨਹੀਂ ਬਲਕਿ ਆਪਣੇ ਹੋਂਦ ਦੇ ਚਾਹ ਉੱਤੇ ਤੁਰੀ ਹੋਈ ਹੈ। ਅੰਤ ਵਿੱਚ ਆਪਣੀ ਮਾਂ ਨੂੰ ਲੱਭਦਿਆਂ ਤੇ ਉਸ ਨਾਲ ਸਵਾਲ ਜਵਾਬ ਕਰਦਿਆਂ ਉਹ ਇਸ ਗੱਲ ਨੂੰ ਨਸ਼ਰ ਕਰ ਦਿੰਦੀ ਹੈ, ਜੋ ਉਸਦੀ ਤੜਫ ਦੀ ਤਲਾਸ਼ ਹੈ, ਜਿਸ ਨੂੰ ਉਹ ਰਾਜ ਬਣਾ ਕੇ ਰੱਖਦੀ ਹੈ, ਜਿਹੜਾ ਉਸ ਦੀ ਜ਼ਿੰਦਗੀ ਦਾ ਸੱਚ ਜਹਿਰ ਹੋਣ ਤੇ ਸਮਾਜ ਵਿੱਚ ਉਸਦਾ ਅਕਸ ਉਵੇਂ ਦਾ ਨਾ ਰਹੇ ਜਿਵੇਂ ਦਾ ਹੈ ਇਸ ਦੀ ਤਲਾਸ਼ ਇੱਕ ਦਵੰਤ ਵੀ ਪੈਦਾ ਕਰਦਾ ਹੈ। ਜਿਸ ਵਿੱਚੋਂ ਉਹ ਔਖੀ ਨਿਕਲਦੀ ਹੈ।

"ਕੌਲਾਜ" ਵਰਗੇ ਲਹਿਜੇ ਦੀ ਕਹਾਣੀ ਹੈ, ਜੋ ਇੱਕ ਮਰਦ ਔਰਤ ਦੇ ਸੰਬੰਧਾਂ ਨੂੰ ਪੇਸ਼ ਕਰਦੀ ਹੈ। ਜਿਸ ਤਰਫ ਇਹ ਕਲਾਸ ਵਿੱਚ ਕਈ ਤਸਵੀਰਾਂ ਨੂੰ ਜੋੜ ਕੇ ਉਸ ਨੂੰ ਕੌਲਾਜ ਦਾ ਰੂਪ ਦਿੰਦੀ ਹੈ। ਇਸ ਤਰ੍ਹਾਂ ਕਹਾਣੀ ਵਿੱਚ ਰਿਸ਼ਤਿਆਂ ਨਾਲ ਜੁੜੇ ਕਈ ਪਹਿਲੂਆਂ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਵਿੱਚ ਕਹਾਣੀਕਾਰ ਨੇ ਔਰਤ ਮਰਦ ਦੇ ਨਜ਼ਰੀਏ ਤੋਂ ਇਹਨਾਂ ਸਬੰਧਾਂ ਦੀ ਗੱਲ ਇਸ ਤਰ੍ਹਾਂ ਕਰਦਾ ਹੈ।"

"ਰਿਸ਼ੀ ਤੇ ਨਦੀ ਇੱਕ ਨੇ .......... ਜੇ ਨਦੀ ਬੋਲ ਸਕਦੀ ਹੁੰਦੀ ਤਾਂ ਰਿਸ਼ੀ ਨੂੰ ਦੱਸ ਦਿੰਦੀ।"[6]

ਇਸ ਕਹਾਣੀ ਵਿੱਚ ਨਾਇਕਾ ਦਾ ਪਿਆਰ ਇਕ ਜਜਬੇ ਵਰਗਾ ਹੈ। ਜਿਸ ਨੂੰ ਉਹ ਆਪਣਾ ਆਪਾ ਗੁਆ ਦੇਣਾ ਚਾਹੁੰਦੀ ਹੈ। ਪਰ ਮਰਦ ਨਹੀਂ! ਇਸ ਤਰਾਂ ਉਸਦਾ ਅਹਿਸਾਸ ਇਕ ਵੱਖਰਾ ਨਜ਼ਰੀਆ ਰੱਖਦਾ ਹੈ। ਉਹ ਪਿਆਰ ਤੋਂ ਇਸ਼ਕ ਤੱਕ ਦਾ ਸਫਰ ਤਾਂ ਕਰਨਾ ਚਾਹੁੰਦਾ ਹੈ। ਉਸਨੂੰ ਇਸ ਸਫਰ ਲਈ ਕਈ ਪੜਾ ਦਿਖਾਈ ਦਿੰਦੇ ਹਨ। ਪਰ ਨਾਇਕਾ ਨੂੰ ਇਹ ਇੱਕ ਸੁਪਨੇ ਵਰਗਾ ਲੱਗਦਾ ਹੈ। ਜਿਸ ਨੂੰ ਉਹ ਖੁਦ ਪ੍ਰਕ੍ਰਿਤੀ ਵਿੱਚ ਜਜਬ ਕਰ ਦੇਣਾ ਚਾਹੁੰਦੀ ਹੈ।

"ਕਾਸ਼! ਮੈਂ ਬੱਦਲ ਬਣ ਸਕਦੀ।"
ਕਿਉਂ ਹਵਾ ਬਣ ਜਾ।"
ਬੱਦਲ, ਹਵਾ ਧੁੱਪ ਕੁਝ ਵੀ .............. ਮੈਂ ਸਾਰੇ ਕਲਾ ਵਿੱਚ ਫ਼ੈਲ ਜਾਣਾ ਚਾਹੁੰਦੀ ਹਾਂ।"
ਮੇਰਾ ਵੀ ਜੀ ਕਰਦਾ ਹੈ ਕੁਝ ਬਣਾ।"[7]

ਨਾਇਕਾ ਅਜ਼ਾਦ ਖਿਆਲ ਵਾਲੀ ਹੈ ਪਾਬੰਦੀਆਂ ਉਸਨੂੰ ਪਸੰਦ ਨਹੀਂ ਪਰ ਲਵਕੇਸ਼ ਲਈ ਇਹ ਰਿਸ਼ਤਾ ਹੈ ਸਮਝੌਤਾ ਨਹੀਂ ਹੈ। ਉਸ ਰਿਸ਼ਤੇ ਨਾਲ ਜੁੜਦੇ ਆਂ ਇਸ ਦਾ ਇੱਕ ਮਜਬੂਤ ਅਧਾਰ ਬਣਾਉਣਾ ਚਾਹੁੰਦਾ ਹੈ। ਇਸ ਕਰਕੇ ਉਹ ਨਾਇਕਾ ਨਾਲ ਤਲਖ ਹੁੰਦਿਆਂ ਵੀ ਨਰਮਾਈ ਵਰਤਦਾ ਹੈ। ਇਸ ਦੇ ਉਲਟ ਨਾਇਕ ਖੁਦ ਨੂੰ ਵਿਆਹ ਬੰਧਨ ਵਿੱਚ ਬੰਨਣਾ ਤਾਂ ਚਾਹੁੰਦੀ ਹੈ, ਪਰ ਆਪਣੀ ਆਜ਼ਾਦੀ ਨਾਲ ਸਮਝੌਤਾ ਕਰਨਾ ਉਸਨੂੰ ਪਸੰਦ ਨਹੀਂ। ਇਸ ਲਈ ਜਦੋਂ ਲਵਕੇਸ਼ ਉਸ ਨੂੰ ਪਾਰਟੀ ਬਾਰੇ ਉਸਦੇ ਦੋਸਤਾਂ ਬਾਰੇ ਗੱਲ ਕਰਦਾ ਹੈ ਤਾਂ ਉਹ ਆਖਦੀ ਹੈ, "ਦੇਖ ਲਵਕੇਸ਼! ਮੈਂ ਮਜ਼ਾਕ ਪਸੰਦ ਨਹੀਂ ਕਰਦੀ ਹਰ ਰਿਲੇਸ਼ਨ ਚੇਂਜ ਹੁੰਦੇ ਰਹਿੰਦੇ ਰਹਿਣੇ ਚਾਹੀਦੇ ਹਨ ਉਹ ਤਲਖੀ ਵਿੱਚ ਬੋਲੀ ਤੇ ਫੋਨ ਬੰਦ ਕਰ ਦਿੱਤਾ। ਇਸ ਕਹਾਣੀ ਵਿੱਚ ਆਧੁਨਿਕਤਾ ਦੇ ਸਮੇਂ ਵਿੱਚ ਬਦਲਦੇ ਰਿਸ਼ਤਿਆਂ ਅਤੇ ਔਰਤ ਦੀ ਬਦਲਦੀ ਪ੍ਰਾਥਮਿਕਤਾ ਨੂੰ ਸਾਹਮਣੇ ਲਿਆਉਂਦੀ ਹੈ। ਉਹ ਕਿਤੇ ਕਿਤੇ ਉਲਝੀ ਨਜ਼ਰ ਆਉਂਦੀ ਹੈ। ਇਸ ਤਰਾਂ ਕਹਾਣੀਕਾਰ ਕੌਲਾਜ ਵਾਂਗ ਪਾਠਕ ਦੇ ਸਮਝਣ ਲਈ ਹੀ ਛੱਡ ਦਿੰਦਾ ਹੈ।

ISSN: 2582-7219 | www.ijmrset.com | Impact Factor: 8.206| ESTD Year: 2018|

International Journal of Multidisciplinary Research in Science, Engineering and Technology (IJMRSET)

(A Monthly, Peer Reviewed, Refereed, Scholarly Indexed, Open Access Journal)

ਪਹਿਲ ਕਹਾਣੀ ਦਾ ਆਧਾਰ ਇਸ ਦੇ ਪਿਛੋਕੜ ਵਿੱਚ ਰਹੀ ਆਰਥਿਕ ਤੇ ਸਮਾਜਿਕ ਪ੍ਰਸਥਿਤੀਆਂ ਹਨ। ਜੋ ਮਨੁੱਖੀ ਜੀਵਨ ਵਿੱਚ ਉਸਦੀ ਆਰਥਿਕ ਸਥਿਤੀ ਉਸਦਾ ਸਮਾਜਿਕ ਅਧਾਰ ਤੇ ਕਰਦਾ ਹੈ ਜਿਹੜਾ ਆਰਥਿਕ ਸੰਕਟ ਤੇ ਇਨਾ ਵਧ ਜਾਂਦਾ ਹੈ ਕਿ ਮਨੁੱਖ ਆਪਣੇ ਸਾਹਮਣੇ ਵਾਪਰ ਰਹੀਆਂ ਘਟਨਾਵਾਂ ਤੇ ਸੱਚ ਨੂੰ ਪਹਿਚਾਨਣ ਤੋਂ ਵੀ ਇਨਕਾਰ ਕਰਦਾ ਹੈ। ਇਸ ਤਰਾਂ ਵਿਰਸੇ ਦੇ ਪਿਤਾ ਦੀ ਆਪਣੇ ਪੁੱਤਰਾਂ ਨੂੰ ਬਾਹਰ ਭੇਜਣ ਆਪਣੇ ਸ਼ਰੀਕਾਂ ਵਰਗੀ ਸਮਾਜਿਕ ਹੈਸੀਅਤ ਬਣਾਉਣ ਤੇ ਪਿੰਡ ਵਿੱਚ ਆਪਣੀ ਧੌਣ ਉੱਚੀ ਕਰਕੇ ਤੁਰਨ ਦਾ ਸੁਪਨਾ ਇਸ ਕਦਰ ਉਸ ਦੀ ਰਗ ਰਗ ਵਿੱਚ ਵਸ ਗਿਆ ਅਤੇ ਉਸਦੇ ਪੁੱਤਰ ਇਸ ਦੀ ਬਲੀ ਚੜਦੇ ਗਏ ਪਿੰਡਾਂ ਦੇ ਲੋਕਾਂ ਨੇ ਵੀ ਉਸ ਨੂੰ ਕਹਿਣਾ ਸ਼ੁਰੂ ਕਰ ਦਿੱਤਾ ਸੀ।
"ਨਹੀਂ ਰੀਸਾਂ ਤੇਰੀਆਂ ਵੀ ਲੱਖਿਆ ................ ਚੰਗੇ ਭਲੇ ਮੁੰਡੇ ਘੱਟੇ ਰੋਲ ਕੇ ਰੱਖ ਤੇ ..............ਇੱਕ ਤਾਂ ਉਹ ਕੋਹੜਾ ਮਾਲਟੇ ਆਲਿਆਂ ਦਾ ਖਪਾ ਤਾ.......... ਦੂਆ ਕਹਿੰਦੇ ਕੁਵੈਤ ਦੀ ਪੁਲਿਸ ਨੇ ਡੱਕ ਤਾ ................ ਆਹ ਸੀ ਇਹਨੂੰ ਖੇਡਦੇ ਮੱਲਦੇ ਨੂੰ ਸਾਧ ਦੀ ਪੂਛ ਨਾਲ ਬੰਨ੍ਹ ਤਾ।"
"ਤੁਹਾਨੂੰ ਬਾਂਦਰਾਂ ਨੂੰ ਜੇ ਇਹੀ ਅਕਲ ਹੁੰਦੀ ਤਾਂ ਰੋਣਾ ਕਾਹਦਾ ਸੀ........... ਕਰੋੜਾਂ ਰੁਪਈਆਂ ਦੀ ਜੰਦਾਤ ਆ............. ਡੇਰਾ ਦੇਖੋ ਕਿੰਨਾ ਵੱਡਾ............ ਕੱਲ ਨੂੰ ਵਿਰਸਾ ਈ ਸਭ ਕਾਸੇ ਦਾ ਮਾਲਕ ਹੋਊ........... ਸਾਰੀਆਂ ਸਕੀਮਾਂ ਨੂੰ।"[8]

ਇਸ ਤਰ੍ਹਾਂ ਇਹ ਸਾਰੀਆਂ ਸਕੀਮਾਂ ਉਦੋਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਜਦੋਂ ਸੰਤ ਆਪਣੀ ਮੂਲ ਖਾਹਿਸਾਂ ਹੱਥੋਂ ਮਾਰ ਖਾਂਦਾ ਹੈ ਤੇ ਆਪਣਾ ਵਿਰਸਾ ਉਹਨਾਂ ਲਈ ਮਹਿਜ਼ ਇਹ ਨਾ ਖਾਹਿਸ਼ਾਂ ਦੀ ਪੂਰਤੀ ਦਾ ਸਾਧਨ ਬਣ ਕੇ ਰਹਿ ਜਾਂਦਾ ਹੈ, ਜੋ ਕੱਚੀ ਉਮਰੇ ਦਾ ਵਿਰਸਾ ਇਸ ਤੋਂ ਭੈਭੀਤ ਹੁੰਦਾ ਹੈ ਉਹ ਆਪਣੀ ਭੈਣ ਨੂੰ ਸਾਰੀ ਕਹਾਣੀ ਦੱਸਦਾ ਹੈ ਜੋ ਭਰਾ ਨੂੰ ਇਸ ਸਭ ਤੋਂ ਛੁਟਕਾਰਾ ਦਵਾਉਣ ਲਈ ਹੱਲ ਸੋਚਦੀ ਹੈ, "ਮੈਂ ਕਿਰਪਾਨ ਲੱਭਣ ਲੱਗੀ। ............ ਮੈਂ ਦਾਤ ਲੱਭਿਆ, ਉਹ ਵੀ ਨਹੀਂ ਸੀ। ਮੇਰੀ ਨਿਗ੍ਹਾ ਤੋਂ ਦੋ ਕੁ ਫੁੱਟ ਸੱਬਲ ਤੇ ਪਈ, ਜਿਸ ਨੂੰ ਚੁੱਕ ਕੇ ਮੈਂ ਮਜਬੂਤੀ ਨਾਲ ਫੜ ਲਿਆ।"

ਇਸ ਤਰ੍ਹਾਂ ਉਸ ਦੇ ਅੰਦਰ ਚੱਲ ਰਹੀਆਂ ਸੋਚਾਂ ਦੇ ਤੂਫਾਨ ਅਤੇ ਬਦਲੇ ਦੀ ਭਾਵਨਾ ਨੂੰ ਉਸ ਵੇਲੇ ਠਲ ਪੈ ਜਾਂਦੀ ਹੈ।

ਉਹ ਆਪਣੀ ਮਾਂ ਨੂੰ ਉਸ ਸੰਤ ਦਾ ਕੰਮ ਤਮਾਮ ਕਰਨ ਵਿੱਚ ਪਹਿਲ ਕਰਦਿਆਂ ਦੇਖਦੀ ਹੈ ਅਤੇ ਸ਼ਾਂਤ ਚਿਹਰੇ ਨਾਲ ਉਸਨੂੰ ਘਰ ਵਾਪਸ ਜਾਣ ਲਈ ਕਹਿੰਦੀ ਹੈ। ਇਹ ਕਹਾਣੀ ਪਿਤਾ ਦੇ ਮੋਹ ਤੋਂ ਕਿਤੇ ਵਧੇਰੇ ਮਾਂ ਦੇ ਸਿਦਕ ਅਤੇ ਮੋਹ ਨੂੰ ਬਿਆਨ ਦੀ ਹੈ। ਜੋ ਬਿਨਾਂ ਪੁੱਤ ਦੇ ਬੋਲੇ ਉਸ ਦੀਆਂ ਭਾਵਨਾਵਾਂ ਨੂੰ ਸਮਝਦੀ ਹੈ ਉਹ ਆਪਣੇ ਪਤੀ ਦੇ ਲਾਲਚ ਦੀ ਬਲੀ ਚੜਨ ਤੋਂ ਰੋਕਦੀ ਹੈ।

ਅੱਕੋ' ਅਤੇ ਗੁੱਸੇ ਹੋਈ ਮਾਂ। ਰਿਸ਼ਤਿਆਂ ਦੀ ਸਮੀਕਰਨ ਨਾਵਾਂ ਨਾਲ ਜੁੜੀਆਂ ਕਹਾਣੀਆਂ ਹਨ ਜੋ ਰਿਸ਼ਤਿਆਂ ਦੀਆਂ ਤੰਦਾਂ ਇਸ ਕਦਰ ਉਲਝਦੀਆਂ ਸੁਲਝਦੀਆਂ ਰਹਿੰਦੀਆਂ ਹਨ। ਜੋ ਮਨੁੱਖ ਦੀ ਸਮਝ ਤੋਂ ਪਰੇ ਨਜ਼ਰ ਆਉਂਦੀਆਂ ਹਨ। ਇਸ ਕਹਾਣੀ ਸੰਗ੍ਰਹਿ ਦਾ ਅਧਿਐਨ ਕਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਔਰਤ ਪ੍ਰਧਾਨ ਇਹਨਾਂ ਕਹਾਣੀਆਂ ਦੀਆਂ ਨਾਇਕਾਵਾਂ ਮਜਬੂਤ ਚਰਿਤਰ ਨਾਲ ਸਾਹਮਣੇ ਆਉਂਦੀਆਂ ਹਨ। ਜੋ ਆਧੁਨਿਕ ਸੋਚ ਵਾਲਿਆਂ ਹਨ ਅਤੇ ਆਜ਼ਾਦ ਖਿਆਲਾਂ ਵਾਲੀਆਂ ਹਨ। ਜੋ ਆਪਣੇ ਫੈਸਲੇ ਆਪਣੀ ਮਰਜ਼ੀ ਨਾਲ ਕਰਦੀਆਂ ਹਨ ਅਤੇ ਖੁਦ ਉਹਨਾਂ ਦੀ ਪੈਰਵੀ ਕਰਦੀਆਂ ਹਨ। ਲੜਦੀਆਂ, ਜਰਦੀਆਂ ਹਨ, ਅਤੇ ਡੋਲਦੀਆਂ ਵੀ ਹਨ ਅਤੇ ਮਜਬੂਤੀ ਨਾਲ ਆਪਣੀ ਹੋਂਦ ਲਈ ਸੰਘਰਸ਼ ਕਰਦੀਆਂ ਹਨ। ਇਸ ਤਰ੍ਹਾਂ ਸਮਾਜਿਕ ਅਤੇ ਮਾਨਸਿਕ ਪ੍ਰਸਥਿਤੀਆਂ ਨੂੰ ਝਲਦੀਆਂ ਉਹ ਆਪਣੇ ਸੰਘਰਸ਼ ਵਿੱਚੋਂ ਹੀ ਉੱਸਰਦੀਆਂ ਹਨ। ਇਹ ਕਹਾਣੀ ਸੰਗ੍ਰਹਿ ਦਾ ਹਸ਼ਰ ਕਿਹਾ ਜਾ ਸਕਦਾ ਹੈ।

## ਹਵਾਲੇ ਤੇ ਟਿੱਪਣੀ

1. ਪ੍ਰੇਮ ਗੋਰਖੀ ਕਹਾਣੀ ਸੰਗ੍ਰਹਿ ਜਨਰੇਸ਼ਨ ਗੈਪ ਪੰਨਾ 15
2. ਉਹੀ ਪੰਨਾ 16
3. ਉਹੀ ਪੰਨਾ 24
4. ਉਹੀ ਪੰਨਾ 24
5. ਪ੍ਰੇਮ ਗੋਰਖੀ ਕਹਾਣੀ ਧਾਰਾ ਪੰਨਾ 224
6. ਪ੍ਰੇਮ ਗੋਰਖੀ ਕਹਾਣੀ ਸੰਗ੍ਰਹਿ ਜਨਰੇਸ਼ਨ ਗੈਪ ਪੰਨਾ 41
7. ਉਹੀ ਪੰਨਾ 43
8. ਉਹੀ ਪੰਨਾ 56



# INTERNATIONAL JOURNAL OF MULTIDISCIPLINARY RESEARCH IN SCIENCE, ENGINEERING AND TECHNOLOGY

| Mobile No: +91-6381907438 | Whatsapp: +91-6381907438 | ijmrset@gmail.com |

www.ijmrset.com